**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ,**
**ਐਸ.ਸੀ.ਓ. ਨੰ 104-106, ਸੈਕਟਰ 34-ਏ, ਚੰਡੀਗੜ੍ਹ**

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.)

ਮੀਮੋ ਨੰ ਐਮਡੀਐਮਡੀ/ਜੀਐਮ/889000-39
ਮਿਤੀ ਚੰਡੀਗੜ੍ਹ 6 ਦਸੰਬਰ, 2010

**ਵਿਸ਼ਾ** **ਸਕੂਲਾਂ ਵਿੱਚ ਹੈਲਥ ਕਾਰਡਾਂ ਦੀ ਵੰਡ ਅਤੇ ਅਗਲੇਰੀ ਕਾਰਵਾਈ ਕਰਨ ਬਾਰੇ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਆਪ ਜੀ ਨੂੰ ਪਤਾ ਹੋਵੇਗਾ ਕਿ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਸਿਹਤ ਦੇ ਰਿਕਾਰਡ ਨੂੰ ਮੇਨਟੇਨ ਕਰਨ ਲਈ ਸਰਕਾਰ ਵੱਲੋਂ ਲਏ ਫੈਸਲੇ ਅਨੁਸਾਰ ਸਮੂਹ ਸਕੂਲਾਂ ਦੇ ਵਿਦਿਆਰਥੀਆਂ ਲਈ ਹੈਲਥ ਕਾਰਡ ਛਪਵਾਏ ਗਏ ਹਨ ਅਤੇ ਜ਼ਿਲ੍ਹਾ ਪੱਧਰ ਤੇ ਭਿਜਵਾ ਦਿੱਤੇ ਗਏ ਹਨ । ਪਰੰਤੂ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਹੈਲਥ ਕਾਰਡ ਅਜੇ ਤੀਕ ਸਕੂਲਾਂ ਵਿੱਚ ਨਹੀਂ ਪਹੁੰਚੇ ਹਨ ਅਤੇ ਜਿੱਥੇ ਪਹੁੰਚੇ ਵੀ ਹਨ, ਉਹਨਾਂ ਵਿੱਚ ਵਿਦਿਆਰਥੀਆਂ ਦੇ ਵੇਰਵੇ ਨਹੀਂ ਭਰੇ ਹਨ । ਇਸ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਕੂਲਾਂ ਵਿੱਚ ਪੜ੍ਹਨ ਵਾਲੇ ਸਾਰੇ ਵਿਦਿਆਰਥੀਆਂ ਦਾ ਵੇਰਵਾ ਹੈਲਥ ਕਾਰਡਾਂ ਵਿੱਚ ਭਰਿਆ ਜਾਵੇ ਅਤੇ ਜਦੋਂ ਵੀ ਸਿਹਤ ਵਿਭਾਗ ਵੱਲੋਂ ਸਕੂਲ ਦੇ ਵਿਦਿਆਰਥੀਆਂ ਦੀ ਸਿਹਤ ਦਾ ਨਿਰੀਖਣ ਕੀਤਾ ਜਾਂਦਾ ਹੈ ਤਾਂ ਉਸ ਸਮੇ ਇਨ੍ਹਾਂ ਕਾਰਡਾਂ ਨੂੰ ਪੇਸ਼ ਵੀ ਕੀਤਾ ਜਾਵੇ । ਜਿਨ੍ਹਾਂ ਸਕੂਲਾਂ ਦੁਆਰਾ ਇਨ੍ਹਾਂ ਹੁਕਮਾ ਦੀ ਪਾਲਨਾ ਨਾ ਕੀਤੀ ਜਾਵੇ, ਉਨ੍ਹਾਂ ਬਾਰੇ ਇਸ ਦਫਤਰ ਨੂੰ ਜਾਣੂ ਕਰਵਾਇਆ ਜਾਵੇ ਤਾਂ ਜੋ ਅਗਲੇਰੀ ਕਾਰਵਾਈ ਕੀਤੀ ਜਾ ਸਕੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ ਮਿਤੀ

ਇਸ ਦਾ ਉਤਾਰਾ ਹੇਠਾ ਲਿਖਿਆਂ ਨੂੰ ਵੈੱਬ ਸਾਈਟ ਰਾਹੀਂ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

(1) ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ (ਵੈੱਬ ਸਾਇਟ ਰਾਹੀਂ)

(2) ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (ਵੈੱਬ ਸਾਇਟ ਰਾਹੀਂ)

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ